2-253-

ਨੰ:22/8/2016-3ਐਫ.ਪੀ.2/250

ਪੰਜਾਬ ਸਰਕਾਰ
ਵਿੱਤ ਵਿਭਾਗ
(ਵਿੱਤ ਪੈਨਸ਼ਨ-2 ਸ਼ਾਖਾ)

ਮਿਤੀ,ਚੰਡੀਗੜ੍ਹ:01 ਜੁਲਾਈ, 2016

ਵਿਸ਼ਾ: ਪੰਜਾਬ ਸਰਕਾਰ ਦੇ ਸਰਕਾਰੀ ਕਰਮਚਾਰੀਆਂ ਦੇ ਸੇਵਾ ਕਾਲ ਵਿੱਚ 58/60 ਸਾਲ ਦੀ ਉਮਰ ਪੂਰੀ ਹੋਣ ਤੇ ਸੇਵਾ ਨਵਿਰਤੀ ਤੋਂ ਬਾਅਦ 2 ਸਾਲ (ਸਾਲ ਵਾਧਾ) ਤੱਕ ਕੀਤੇ ਵਾਧੇ ਦੌਰਾਨ ਮਿਲਣ ਵਾਲੇ ਲਾਭਾਂ ਸਬੰਧੀ ਸਪਸ਼ਟੀਕਰਣ ਜਾਰੀ ਕਰਨ ਬਾਰੇ।

ਸ਼੍ਰੀਮਾਨ/ਸ੍ਰੀਮਤੀ ਜੀ,

ਮੈਨੂੰ ਉਪਰੋਕਤ ਵਿਸ਼ੇ ਤੇ ਆਪ ਦਾ ਧਿਆਨ ਵਿੱਤ ਵਿਭਾਗ ਦੀਆਂ ਹਦਾਇਤਾਂ ਨੰ: 22/2/2012-3ਐਫ.ਪੀ.2/257, ਮਿਤੀ 30 ਅਕਤੂਬਰ, 2015 ਵੱਲ ਦਿਵਾਉਂਦੇ ਹੋਏ ਇਹ ਕਹਿਣ ਦੀ ਹਦਾਇਤ ਹੋਈ ਹੈ ਕਿ ਵੱਖ-ਵੱਖ ਵਿਭਾਗਾਂ ਵਲੋਂ ਕਿਸੇ ਅਧੀਨ ਮਸਲੇ ਕਰਕੇ ਉਪਰੋਕਤ ਹੋਏ ਕਈ ਨੁਕਤਿਆਂ ਸਬੰਧੀ ਸਪਸ਼ਟੀਕਰਨ ਮੰਗੇ ਜਾ ਰਹੇ ਹਨ। ਇਹਨਾਂ ਨੂੰ ਵਿਚਾਰਨ ਉਪਰੰਤ ਮੈਨੂੰ ਹੇਠ ਅਨੁਸਾਰ ਸੂਚਿਤ ਕਰਨ/ਸਪਸ਼ਟੀਕਰਨ ਜਾਰੀ ਕਰਨ ਦੀ ਹਦਾਇਤ ਹੋਈ ਹੈ:-

| ਲੜੀ ਨੰ. | ਵੱਖ-ਵੱਖ ਵਿਭਾਗਾਂ ਵਲੋਂ ਮੰਗੇ ਗਏ ਸਪਸ਼ਟੀਕਰਨ | ਵਿੱਤ ਵਿਭਾਗ ਦੀ ਟਿੱਪਣੀ |
|---|---|---|
| 1. | ਪੰਜਾਬ ਸਿਵਲ ਸੇਵਾਵਾਂ ਨਿਯਮ-2 ਦੇ ਰੂਲ 3.17 ਦੇ ਵਿੱਚ ਕੀਤੀ ਸੋਧ ਅਨੁਸਾਰ ਰਿਟਾਇਰਮੈਂਟ ਤੋਂ ਬਾਅਦ (ਸੇਵਾਕਾਲ ਵਿੱਚ ਵਾਧੇ ਦੌਰਾਨ ਕੀਤੀ ਸੇਵਾ) ਕੁਆਲੀਫਾਇੰਗ ਸੇਵਾ ਨਹੀਂ ਮੰਨੀ ਜਾਵੇਗੀ ਅਤੇ ਵਾਧੇ ਹੋਏ ਸੇਵਾਕਾਲ ਦੌਰਾਨ ਸਰਕਾਰੀ ਕਰਮਚਾਰੀ ਉਸ ਹੀ ਆਸਾਮੀ ਤਨਖਾਹ ਲੈਣ ਦਾ ਹੱਕਦਾਰ ਹੋਵੇਗਾ ਜੋ ਉਹ 58 ਜਾਂ 60 ਸਾਲ ਪੂਰੇ ਕਰਨ ਉਪਰੰਤ ਲੈ ਰਿਹਾ ਹੋਵੇਗਾ। ਇਸ ਸਥਿਤੀ ਵਿੱਚ ਸੇਵਾਕਾਲ ਵਿੱਚ ਵਾਧੇ ਦੀ ਸਮਾਪਤੀ ਉਪਰੰਤ ਸਰਕਾਰੀ ਕਰਮਚਾਰੀ ਨੂੰ ਅਦਾ ਕੀਤੀ ਜਾਣ ਵਾਲੀ ਗਰੈਚੂਟੀ ਅਤੇ ਲੀਵ ਇਨਕੈਸ਼ਮੈਂਟ ਦੀ ਕੈਲਕੁਲੇਸ਼ਨ ਉਪਰ ਕੀਤੇ ਗਏ ਦੀ ਦਰ ਕੀ ਹੋਵੇਗੀ? ਕੀ ਪੈਨਸ਼ਨਰੀ ਲਾਭਾਂ ਦੀ ਅਦਾਇਗੀ ਸੇਵਾ-ਨਵਿਰਤੀ ਸਮੇਂ ਅਦਾ ਕੀਤੀ ਜਾ ਰਹੀ ਸੀ ਹੈ, ਦੀ ਦਰ ਨਾਲ ਕੀਤੀ ਜਾਵੇਗੀ ਜਾਂ ਸੇਵਾਕਾਲ ਵਿੱਚ ਵਾਧੇ ਦੌਰਾਨ ਸਰਕਾਰ ਵੱਲੋਂ ਸੋਧਿਆ ਨਵੀਂ ਕੀ ਹੈ, ਦੀ ਦਰ ਤੇ ਇਹ ਅਦਾਇਗੀਆਂ ਕੀਤੀਆਂ ਜਾਣਗੀਆਂ। | ਸੇਵਾਕਾਲ ਵਿੱਚ ਵਾਧੇ ਦੀ ਸਮਾਪਤੀ ਉਪਰੰਤ ਸਰਕਾਰੀ ਕਰਮਚਾਰੀ ਨੂੰ ਗਰੈਚੂਟੀ, ਲੀਵ ਇਨਕੈਸ਼ਮੈਂਟ ਅਤੇ ਹੋਰ ਪੈਨਸ਼ਨਰੀ ਲਾਭਾਂ ਦੀ ਅਦਾਇਗੀ 58 ਸਾਲ ਦੀ ਬਾ-ਬਕਾਇਆ ਰਿਟਾਇਰਮੈਂਟ ਸਮੇਂ ਅਦਾ ਕੀਤੀ ਜਾ ਰਹੀ ਸੀ ਹੈ, ਦੀ ਦਰ ਤੇ ਹੀ ਮਿਲਣਯੋਗ ਹੋਵੇਗੀ। |
| 2. | ਜੇਕਰ ਕਿਸੇ ਸਰਕਾਰੀ ਕਰਮਚਾਰੀ ਦੀ ਸੇਵਾਕਾਲ ਵਿੱਚ ਵਾਧੇ ਦੌਰਾਨ ਮੌਤ ਹੋ ਜਾਂਦੀ ਹੈ ਤਾਂ ਕੀ ਉਸ ਨੂੰ ਪੰਜਾਬ ਸਰਕਾਰ ਦੇ ਪੱਤਰ ਨੰ:3/39/2009-3ਐਫ.ਪੀ.ਪੀ.ਸੀ./1413, ਮਿਤੀ 23.12.2011 ਅਨੁਸਾਰ 'Die In Harness' ਮੰਨਦੇ ਹੋਏ ਉਸ ਦੇ ਵਾਰਸਾਂ ਨੂੰ 65 ਸਾਲ ਦੀ ਉਮਰ ਤੱਕ Enhanced Family Pension ਮਿਲਣਯੋਗ ਹੋਵੇਗੀ ਜਾਂ ਸਰਕਾਰੀ ਕਰਮਚਾਰੀ ਦੀ ਮੌਤ ਤੋਂ ਤੁਰੰਤ ਬਾਅਦ ਉਸ ਦੇ ਵਾਰਸਾਂ ਨੂੰ ਨਾਰਮਲ ਰੇਟ ਤੇ ਫੈਮਿਲੀ ਪੈਨਸ਼ਨ ਦਿੱਤੀ ਜਾਵੇਗੀ। | ਸਰਕਾਰੀ ਕਰਮਚਾਰੀ ਦੀ ਸੇਵਾ ਕਾਲ ਵਿੱਚ ਵਾਧੇ ਦੌਰਾਨ ਮੌਤ ਹੋ ਜਾਣ ਦੀ ਸੂਰਤ ਵਿੱਚ ਮ੍ਰਿਤਕ ਕਰਮਚਾਰੀ ਦੇ ਵਾਰਸਾਂ ਨੂੰ ਨਾਰਮਲ ਰੇਟ ਤੇ ਫੈਮਿਲੀ ਪੈਨਸ਼ਨ ਮਿਲਣਯੋਗ ਹੋਵੇਗੀ। |

| | | |
|---|---|---|
| 3. | ਸੇਵਾਕਾਲ ਵਿੱਚ ਵਾਧੇ ਦੌਰਾਨ ਜੇਕਰ ਕੋਈ ਸਰਕਾਰੀ ਕਰਮਚਾਰੀ ਐਲ.ਟੀ.ਸੀ. ਦੀ ਸੁਵਿਧਾ ਅਵੇਲ ਕਰਦਾ ਹੈ ਤਾਂ ਕੀ ਉਸ ਨੂੰ ਐਲ.ਟੀ.ਸੀ. ਅਵੇਲ ਕਰਨ ਤੇ 10 ਦਿਨਾਂ ਦੀ ਲੀਵ ਇਨਕੈਸ਼ਮੈਂਟ ਦੀ ਅਦਾਇਗੀ ਕੀਤੀ ਜਾਵੇਗੀ? ਜੇਕਰ ਹਾਂ ਤਾਂ ਕੀ 10 ਦਿਨਾਂ ਦੀ ਕਮਾਈ ਛੁੱਟੀ ਨੂੰ ਸੇਵਾ ਨਿਵਰਤੀ ਸਮੇਂ ਵੱਧ ਤੋਂ ਵੱਧ ਨਿਰਧਾਰਿਤ 300 ਦਿਨਾਂ ਦੀ ਕਮਾਈ ਛੁੱਟੀ ਵਿੱਚੋਂ ਜਾਂ ਉਸ ਦੀ ਸੇਵਾ ਨਿਵਰਤੀ ਸਮੇਂ ਬਕਾਇਆ ਕਮਾਈ ਛੁੱਟੀ ਵਿੱਚੋਂ ਜਾਂ ਸੇਵਾਕਾਲ ਵਿੱਚ ਵਾਧੇ ਦੌਰਾਨ ਕਰਮਚਾਰੀ ਵੱਲੋਂ ਅਰਨ ਕੀਤੀ ਕਮਾਈ ਛੁੱਟੀ ਵਿੱਚੋਂ ਘਟਾਇਆ ਜਾਵੇਗਾ? 10 ਦਿਨਾਂ ਦੀ ਕਮਾਈ ਛੁੱਟੀ ਦੇ ਇਵਜ਼ ਵਿੱਚ ਕੀਤੀ ਜਾਣ ਵਾਲੀ ਅਦਾਇਗੀ ਤੇ ਡੀ.ਏ. ਦੀ ਦਰ ਕੀ ਹੋਵੇਗੀ? | ਸੇਵਾਕਾਲ ਵਿੱਚ ਵਾਧੇ ਦੌਰਾਨ ਜੇਕਰ ਕਿਸੇ ਕਰਮਚਾਰੀ ਵੱਲੋਂ ਐਲ.ਟੀ.ਸੀ. ਦੀ ਸੁਵਿਧਾ ਅਵੇਲ ਕੀਤੀ ਜਾਂਦੀ ਹੈ ਤਾਂ ਉਸ ਨੂੰ ਐਲ.ਟੀ.ਸੀ. ਲਈ ਕੋਈ ਲੀਵ ਇਨਕੈਸ਼ਮੈਂਟ ਦੀ ਅਦਾਇਗੀ ਨਹੀਂ ਕੀਤੀ ਜਾਵੇਗੀ। |
| 4. | ਜੇਕਰ ਕੋਈ ਕਰਮਚਾਰੀ ਸੇਵਾ ਨਿਵਰਤੀ ਦੀ ਮਿਤੀ ਤੋਂ ਇੱਕ ਸਾਲ ਦੇ ਅੰਦਰ-ਅੰਦਰ 90% ਜੀ.ਪੀ.ਫੰਡ ਐਡਵਾਂਸ ਪ੍ਰਾਪਤ ਕਰਦਾ ਹੈ ਅਤੇ ਸੇਵਾ ਨਿਵਰਤੀ ਦੀ ਮਿਤੀ ਤੋਂ 6 ਮਹੀਨੇ ਪਹਿਲਾਂ ਆਪਣੀ ਜੀ.ਪੀ.ਫੰਡ ਦੀ ਸਬਸਕ੍ਰਿਪਸ਼ਨ ਬੰਦ ਕਰ ਦਿੱਤਾ ਹੈ ਅਤੇ ਜੇਕਰ ਉਸ ਕਰਮਚਾਰੀ ਨੂੰ ਸੇਵਾਕਾਲ ਵਿੱਚ ਵਾਧਾ ਦੇ ਦਿੱਤਾ ਜਾਂਦਾ ਹੈ ਤਾਂ ਕੀ ਸੇਵਾਕਾਲ ਵਿੱਚ ਵਾਧੇ ਦੌਰਾਨ ਉਸ ਦੀ ਜੀ.ਪੀ.ਫੰਡ ਦੀ ਸਬਸਕ੍ਰਿਪਸ਼ਨ ਮੁੜ ਤੋਂ ਚਾਲੂ ਕੀਤੀ ਜਾਵੇਗੀ? ਕੀ ਸੇਵਾ ਨਿਵਰਤੀ ਦੀ ਮਿਤੀ ਤੋਂ 6 ਮਹੀਨੇ ਪਹਿਲਾਂ ਬੰਦ ਕੀਤੀ ਜੀ.ਪੀ.ਫੰਡ ਦੀ ਸਬਸਕ੍ਰਿਪਸ਼ਨ ਮੁੜ-ਸ਼ੁਰੂ ਜਾਂ ਚਾਲੂ ਕਰਵਾਈ ਜਾਵੇਗੀ/ ਸੇਵਾਕਾਲ ਵਿੱਚ ਵਾਧੇ ਦੌਰਾਨ ਕੀ ਉਹ ਮੁੜ ਤੋਂ 90% ਜੀ.ਪੀ.ਫੰਡ ਐਡਵਾਂਸ ਲੈਣ ਲਈ ਹੱਕਦਾਰ ਹੋਵੇਗਾ। | ਜੇਕਰ ਕਰਮਚਾਰੀ ਵੱਲੋਂ ਸੁਪਰਐਨੂਏਸ਼ਨ ਤੇ ਸੇਵਾ ਨਿਵਰਤੀ ਜਾਂ ਸੇਵਾ ਕਾਲ ਵਿੱਚ ਵਾਧੇ ਤੋਂ ਪਹਿਲੇ ਸਾਲ ਦੀ ਸਮਾਪਤੀ ਤੋਂ ਪਹਿਲਾਂ ਜੀ.ਪੀ.ਐਫ. ਵਿੱਚੋਂ 90% ਐਡਵਾਂਸ ਲੈਣ ਲਈ ਦਰਖਾਸਤ ਦਿੱਤੀ ਜਾਂਦੀ ਹੈ ਤਾਂ ਉਸ ਸਮੇਂ ਉਸ ਤੋਂ ਅੰਡਰਟੇਕਿੰਗ ਲਈ ਜਾਵੇਗੀ ਕਿ ਉਹ ਅੱਗੇ ਤੋਂ ਸੇਵਾਕਾਲ ਵਿੱਚ ਵਾਧਾ ਨਹੀਂ ਲੈਣਾ ਚਾਹੁੰਦਾ ਹੈ ਅਤੇ ਨਾ ਹੀ ਉਸ ਵੱਲੋਂ ਸੇਵਾਕਾਲ ਵਿੱਚ ਵਾਧੇ ਦੀ ਆਪਸ਼ਨ ਦਿੱਤੀ ਜਾਵੇਗੀ। ਜੇਕਰ ਇਹ ਐਡਵਾਂਸ ਪ੍ਰਾਪਤ ਕਰਨ ਉਪਰੰਤ ਫਿਰ ਵੀ ਸੰਬੰਧਤ ਕਰਮਚਾਰੀ ਵੱਲੋਂ ਸੇਵਾਕਾਲ ਵਿੱਚ ਵਾਧੇ ਦੀ ਆਪਸ਼ਨ ਦਿੱਤੀ ਜਾਂਦੀ ਹੈ ਤਾਂ ਸਮਰੱਥ ਅਥਾਰਟੀ ਵੱਲੋਂ ਇਸ ਨੂੰ ਪ੍ਰਵਾਨ ਨਹੀਂ ਕੀਤਾ ਜਾਵੇਗਾ। |
| 5. | ਜੇਕਰ ਕਿਸੇ ਸਰਕਾਰੀ ਕਰਮਚਾਰੀ ਦੀ ਸੇਵਾਕਾਲ ਵਿੱਚ ਵਾਧੇ ਦੌਰਾਨ ਮੌਤ ਹੋ ਜਾਂਦੀ ਹੈ ਤਾਂ ਕੀ ਉਸ ਨੂੰ ਪੰਜਾਬ ਸਰਕਾਰ ਦੇ ਪੱਤਰ ਨੰ:3/23/2009-2ਐਫ.ਪੀ.ਪੀ.ਸੀ/ 879, ਮਿਤੀ 17.8.2009 ਦੇ ਪੈਰ੍ਹਾ 8 ਅਤੇ ਪੱਤਰ ਨੰ:3/19/2010-3ਐਫ.ਪੀ.ਪੀ.ਸੀ/ 1251, ਮਿਤੀ 13.10.2010 ਅਨੁਸਾਰ Die In Harness ਮੰਨਦੇ ਹੋਏ ਉਸ ਦੇ ਵਾਰਸਾਂ ਨੂੰ Ex-gratia Payment ਮਿਲਣਯੋਗ ਹੋਵੇਗੀ। | ਸੇਵਾਕਾਲ ਵਿੱਚ ਵਾਧੇ ਦੇ ਸਮੇਂ ਦੌਰਾਨ ਜੇਕਰ ਕਿਸੇ ਕਰਮਚਾਰੀ ਦੀ ਮੌਤ ਹੋ ਜਾਂਦੀ ਹੈ ਤਾਂ ਉਸ ਨੂੰ ਡੈਥ ਇਨ ਹਾਰਨੈਸ (Death in harness) ਨਹੀਂ ਗਿਣਿਆ ਜਾਣਾ ਹੈ। |
| 6. | ਜੇਕਰ ਸੇਵਾਕਾਲ ਵਿੱਚ ਵਾਧੇ ਦੌਰਾਨ ਕਿਸੇ ਕਰਮਚਾਰੀ ਵੱਲੋਂ ਸੇਵਾਕਾਲ ਵਿੱਚ ਵਾਧੇ ਦੌਰਾਨ ਅਰਨ ਕੀਤੀ ਕਮਾਈ ਛੁੱਟੀ ਤੋਂ ਜ਼ਿਆਦਾ ਕਮਾਈ ਛੁੱਟੀ ਲਾਭ ਕੀਤੀ ਜਾਂਦੀ ਹੈ ਤਾਂ ਕੀ ਉਸ ਜ਼ਿਆਦਾ | ਇਸ ਸਬੰਧੀ ਵਿੱਤ ਵਿਭਾਗ ਵੱਲੋਂ ਪੱਤਰ ਨੰ: 22/2/2013-3ਐਫ.ਪੀ.2/ 217 ਮਿਤੀ 25 |

| | |
|---|---|
| ਅਵੇਲ ਕੀਤੀ ਕਮਾਈ ਛੁੱਟੀ ਨੂੰ 300 ਦਿਨਾਂ ਵਿੱਚੋਂ (ਜੋ ਸੇਵਾ ਨਿਵਰਤੀ ਸਮੇਂ ਵੱਧ ਤੋਂ ਵੱਧ ਲੀਵਇਨਕੈਸਮੈਂਟ ਮਿਲਣਯੋਗ ਹੁੰਦੀ ਹੈ) ਜਾਂ 450 ਦਿਨਾਂ ਵਿੱਚੋਂ (ਜੋ ਸੇਵਾ-ਨਿਵਰਤੀ ਸਮੇਂ ਵੱਧ ਤੋਂ ਵੱਧ ਛੁੱਟੀ ਖਾਤੇ ਵਿੱਚ ਜਮ੍ਹਾਂ ਹੁੰਦੀ ਹੈ) ਘਟਾਇਆ | ਮਈ, 2016 ਰਾਹੀਂ ਲੋੜੀਂਦਾ ਸਪਸਟੀਕਰਨ ਜਾਰੀ ਕਰ ਦਿੱਤਾ ਗਿਆ ਹੈ। |
| ਜਾਵੇਗਾ। ਜੇਕਰ ਅਧਿਕਾਰੀ ਦੀ ਸੇਵਾ-ਨਵਿਰਤੀ ਜਾਨਿ ਕਿ ਵਾਧੇ ਤੋਂ ਪਹਿਲਾਂ ਖਾਤੇ ਵਿੱਚ 300 ਦਿਨਾਂ ਤੋਂ ਘੱਟ ਛੁੱਟੀ ਹੈ ਤਾਂ ਕੀ ਵਾਧੇ ਦੇ ਸਮੇਂ ਦੌਰਾਨ ਅਰਨ ਕੀਤੀ ਛੁੱਟੀ ਉਸ ਦੇ ਖਾਤੇ ਨੂੰ ਕਰੈਡਿਟ ਕਰਦੇ ਹੋਏ ਲੀਵ ਇਨਕੈਸਮੈਂਟ ਦੇਣੀ ਹੈ? | |

(ਭਗਤ ਸਿੰਘ)
ਅਧੀਨ ਸਕੱਤਰ ਵਿੱਤ (ਬ)

ਨੰ:22/2/2013-3ਐਫ.ਪੀ.2/ 217

ਪੰਜਾਬ ਸਰਕਾਰ
ਵਿੱਤ ਵਿਭਾਗ
(ਵਿੱਤ ਪ੍ਰਸੋਨਲ-2 ਸ਼ਾਖਾ)

ਮਿਤੀ,ਚੰਡੀਗੜ੍ਹ: 25 ਮਈ, 2016

ਵਿਸ਼ਾ:- ਸੇਵਾਕਾਲ ਵਿਚ ਵਾਧੇ ਤੇ ਚਲ ਰਹੇ ਅਧਿਕਾਰੀਆਂ /ਕਰਮਚਾਰੀਆਂ ਨੂੰ ਕਮਾਈ ਛੁੱਟੀ ਦੇਣ ਸਬੰਧੀ ਸਪਸਟੀਕਰਨ ।

ਸ੍ਰੀਮਾਨ ਜੀ ,

ਉਪਰੋਕਤ ਵਿਸੇ ਤੇ ਵਿੱਤ ਵਿਭਾਗ ਦੇ ਨੋਟੀਫਿਕੇਸ਼ਨ ਨੰ: GSR 57/Const/ Art 309/ Amd./ 2015, ਮਿਤੀ 30 ਅਕਤੂਬਰ, 2015 ਦੇ ਹਵਾਲੇ ਵਿੱਚ।

2. ਉਪਰੋਕਤ ਨੋਟੀਫਿਕੇਸ਼ਨ ਦੇ ਪੈਰਾ 3 ਰਾਹੀਂ ਪੰਜਾਬ ਸਿਵਲ ਸੇਵਾਵਾਂ ਜਿਲਦ 1 ਪਾਰਟ 1 ਦੇ ਰੂਲ 8.21 (ਬੀ) ਦੀ ਸੋਧ ਕੀਤੀ ਗਈ ਸੀ। ਇਸ ਸੋਧੇ ਹੋਏ ਰੂਲ ਦੀ ਦੂਸਰੀ ਪ੍ਰੋਵੀਜੋ ਦੇ ਸਬੰਧ ਵਿੱਚ ਵੱਖਰੇ-ਵੱਖਰੇ ਵਿਭਾਗਾਂ ਵਲੋਂ ਵਿੱਤ ਵਿਭਾਗ ਤੋਂ ਸਪਸਟੀਕਰਨ ਮੰਗੇ ਜਾ ਰਹੇ ਹਨ।

3. ਵਿੱਤ ਵਿਭਾਗ ਵਲੋਂ ਇਸ ਮਾਮਲੇ ਨੂੰ ਗਹੁ ਨਾਲ ਵਿਚਾਰਿਆ ਗਿਆ ਹੈ ਅਤੇ ਫੈਸਲਾ ਕੀਤਾ ਗਿਆ ਹੈ ਕਿ ਜੇਕਰ ਕਿਸੇ ਕਰਮਚਾਰੀ ਵਲੋਂ ਉਸਦੇ ਸੇਵਾਕਾਲ ਦੇ ਵਾਧੇ ਦੇ ਸਮੇਂ ਦੌਰਾਨ ਜਮਾਂ ਹੋਈ ਕਮਾਈ ਛੁੱਟੀ ਤੋਂ ਵੱਧ ਕਮਾਈ ਛੁੱਟੀ ਅਵੇਲ (avail) ਕੀਤੀ ਜਾਂਦੀ ਹੈ ਤਾਂ ਇਹ ਵੱਧ ਅਵੇਲ ਕੀਤੀ ਛੁੱਟੀ ਉਸਦੀ ਸੁਪਰਐਨੂਏਸ਼ਨ (Superannuation) ਦੀ ਮਿਤੀ ਨੂੰ ਇਨਕੈਸਮੈਂਟ ਹੋਣ ਯੋਗ ਛੁੱਟੀ, ਜੋ ਕਿ ਰੂਲਾਂ ਅਨੁਸਾਰ ਵੱਧ ਤੋਂ ਵੱਧ 300 ਦਿਨਾਂ ਦੀ ਮਿਲਣਯੋਗ ਹੁੰਦੀ ਹੈ, ਵਿੱਚੋਂ ਘਟਾਈ ਜਾਵੇਗੀ।

4. ਇਹਨਾਂ ਹਦਾਇਤਾ ਦੀ ਇੰਨ ਬਿੰਨ ਪਾਲਣਾ ਯਕੀਨੀ ਬਣਾਈ ਜਾਵੇ।

5. ਇਸ ਸਬੰਧੀ ਰੂਲਾਂ ਵਿੱਚ ਸੋਧ ਵੀ ਕੀਤੀ ਜਾ ਰਹੀ ਹੈ।

(ਭਗਤ ਸਿੰਘ)
ਅਧੀਨ ਸਕੱਤਰ ਵਿੱਤ (ਬ)